# Punjab Government Gazette

## EXTRAORDINARY

***Published by Authority***

CHANDIGARH, THURSDAY, SEPTEMBER 17, 2026

(BHADRA 26, 1948 SAKA)


## ਵਿਧਾਨਕ ਅਨੁਪੂਰਕ

**ਮਜ਼ਮੂਨ** — **ਪੰਨੇ**


**ਭਾਗ I** — **ਐਕਟ**

1. ਪੰਜਾਬ ਹੋਮਗਾਰਡ ਐਕਟ, 1947
(1947 ਦਾ ਪੂਰਬੀ ਪੰਜਾਬ ਐਕਟ ਨੰ. 8) ...1003-1006

2. ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ ਪ੍ਰਾਪਤ ਸਕੂਲ) ਐਕਟ, 1959
(1959 ਦਾ ਪੰਜਾਬ ਐਕਟ ਨੰ. 22) ...1007-1015

**ਭਾਗ II** — **ਆਰਡੀਨੈਂਸ**

*ਕੋਈ ਨਹੀਂ*

**ਭਾਗ III** — **ਅਧੀਨ ਵਿਧਾਨਕਾਰੀ**

*ਕੋਈ ਨਹੀਂ*

**ਭਾਗ IV** — **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**

*ਕੋਈ ਨਹੀਂ*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 17 ਸਤੰਬਰ, 2026

**ਨੰ. 66/ਭ:ਕ/2026.–** ਪੰਜਾਬ ਹੋਮਗਾਰਡ ਐਕਟ, 1947 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 17th September, 2026

**No. 66/L.C./2026.-** The Translation in Punjabi of the Punjab Home Guards Act, 1947 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਹੋਮਗਾਰਡ ਐਕਟ, 1947

(1947 ਦਾ ਪੂਰਬੀ ਪੰਜਾਬ ਐਕਟ ਨੰ: 8)

ਪੰਜਾਬ ਹੋਮਗਾਰਡ ਦੇ ਗਠਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਇਸ ਲਈ ਇਸ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ:–

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਹੋਮਗਾਰਡ ਐਕਟ, 1947 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪੰਜਾਬ ਹੋਮਗਾਰਡ ਦਾ ਗਠਨ।

2. ਰਾਜ ਸਰਕਾਰ ਕਿਸੇ ਖੇਤਰ ਲਈ ਪੰਜਾਬ ਹੋਮਗਾਰਡ ਕਹਾਉਣ ਵਾਲੀ ਇੱਕ ਬੌਡੀ ਦਾ ਗਠਨ ਕਰ ਸਕੇਗੀ, ਜਿਸ ਦੇ ਮੈਂਬਰ ਵਿਅਕਤੀਆਂ ਦੀ ਹਿਫ਼ਾਜ਼ਤ, ਸੰਪੱਤੀ ਦੀ ਸੁਰੱਖਿਆ ਜਾਂ ਲੋਕ ਸੁਰੱਖਿਆ ਦੇ ਸਬੰਧ ਵਿੱਚ ਅਜਿਹੇ ਕਾਜਕਾਰ ਨਿਭਾਉਣਗੇ ਜੋ

ਉਨ੍ਹਾਂ ਨੂੰ ਇਸ ਐਕਟ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਸੌਂਪੇ ਜਾਣ।

ਮੈਂਬਰਾਂ ਦੀ ਨਿਯੁਕਤੀ।

3. ਰਾਜ ਸਰਕਾਰ ਪੰਜਾਬ ਹੋਮਗਾਰਡ ਦੇ ਮੈਂਬਰਾਂ ਵਜੋਂ ਜੋ ਯੋਗ ਹੋਣ ਅਤੇ ਅਜਿਹੇ ਤੌਰ ਤੇ ਸੇਵਾ ਕਰਨ ਦੇ ਇੱਛੁਕ ਹੋਣ, ਬਹੁਤ ਸਾਰੇ ਵਿਅਕਤੀਆਂ ਨੂੰ ਨਿਯੁਕਤ ਕਰ ਸਕੇਗੀ ਜਿਵੇਂ ਰਾਜ ਸਰਕਾਰ ਨਿਯੁਕਤ ਕਰਨਾ ਉਚਿਤ ਸਮਝੇ, ਅਤੇ ਅਜਿਹੇ ਕਿਸੇ ਮੈਂਬਰ ਨੂੰ ਪੰਜਾਬ ਹੋਮਗਾਰਡ ਵਿੱਚ ਕਮਾਨ ਦੇ ਕਿਸੇ ਵੀ ਅਹੁਦੇ 'ਤੇ ਨਿਯੁਕਤ ਕਰ ਸਕੇਗੀ।

ਮੈਂਬਰਾਂ ਨੂੰ ਬੁਲਾਉਣਾ।

4. ਰਾਜ ਸਰਕਾਰ ਕਿਸੇ ਖੇਤਰ ਵਿੱਚ, ਕਿਸੇ ਵੀ ਸਮੇਂ, ਪੰਜਾਬ ਹੋਮਗਾਰਡ ਦੇ ਕਿਸੇ ਮੈਂਬਰ ਨੂੰ ਸਿਖਲਾਈ ਲਈ ਜਾਂ ਇਸ ਐਕਟ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਪੰਜਾਬ ਹੋਮਗਾਰਡ ਨੂੰ ਸੌਂਪੇ ਗਏ ਕਿਸੇ ਵੀ ਕਾਜਕਾਰ ਨੂੰ ਨਿਭਾਉਣ ਲਈ, ਬੁਲਾ ਸਕੇਗੀ।

ਸ਼ਕਤੀਆਂ, ਹਿਫ਼ਾਜ਼ਤ ਅਤੇ ਕੰਟਰੋਲ।

5. (1) ਪੰਜਾਬ ਹੋਮਗਾਰਡ ਦੇ ਕਿਸੇ ਮੈਂਬਰ ਨੂੰ ਜਦੋਂ ਧਾਰਾ 4 ਅਧੀਨ ਬੁਲਾਇਆ ਜਾਂਦਾ ਹੈ ਤਾਂ ਉਸ ਕੋਲ ਉਹੀ ਸ਼ਕਤੀਆਂ, ਵਿਸ਼ੇਸ਼-ਅਧਿਕਾਰ ਅਤੇ ਹਿਫ਼ਾਜ਼ਤ ਹੋਵੇਗੀ ਜੋ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਨਿਯੁਕਤ ਪੁਲਿਸ ਅਧਿਕਾਰੀ ਕੋਲ ਹੁੰਦੀ ਹੈ।

(2) ਪੰਜਾਬ ਹੋਮਗਾਰਡ ਦੇ ਕਿਸੇ ਮੈਂਬਰ ਵਿਰੁੱਧ, ਅਜਿਹੇ ਮੈਂਬਰ ਵਜੋਂ ਆਪਣੇ ਕਾਜਕਾਰਾਂ ਦੀ ਪਾਲਣਾ ਕਰਦਿਆਂ ਉਸ ਦੁਆਰਾ ਕੀਤੀ ਗਈ ਜਾਂ ਕੀਤੀ ਗਈ ਤਾਤਪਰਜਤ ਕਿਸੇ ਗੱਲ ਦੇ ਬਾਰੇ ਵਿੱਚ, ਰਾਜ ਸਰਕਾਰ ਦੀ ਪੂਰਵ-ਮਨਜ਼ੂਰੀ ਤੋਂ ਬਿਨ੍ਹਾਂ ਕੋਈ ਪ੍ਰਾਸੀਕਿਊਸ਼ਨ ਸ਼ੁਰੂ ਨਹੀਂ ਕੀਤੀ ਜਾਵੇਗੀ।

ਪੁਲਿਸ ਫ਼ੋਰਸ ਦੇ ਅਧਿਕਾਰੀਆਂ ਦੁਆਰਾ ਕੰਟਰੋਲ।

6. ਪੰਜਾਬ ਹੋਮਗਾਰਡ ਦੇ ਮੈਂਬਰਾਂ ਨੂੰ ਜਦੋਂ ਧਾਰਾ 4 ਅਧੀਨ ਸਿੱਧੇ ਤੌਰ ਤੇ ਪੁਲਿਸ ਫੋਰਸ ਦੀ ਸਹਾਇਤਾ ਲਈ ਬੁਲਾਇਆ ਜਾਂਦਾ ਹੈ, ਤਾਂ ਉਹ ਅਜਿਹੀ ਫੋਰਸ ਦੇ ਅਧਿਕਾਰੀਆਂ ਦੇ, ਅਜਿਹੇ ਤਰੀਕੇ ਨਾਲ ਅਤੇ ਅਜਿਹੀ ਹੱਦ ਤੱਕ, ਕੰਟਰੋਲ ਅਧੀਨ ਹੋਣਗੇ ਜਿਵੇਂ ਧਾਰਾ 8 ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ।

ਡੰਨ।

7. ਜੇ ਪੰਜਾਬ ਹੋਮਗਾਰਡ ਦਾ ਕੋਈ ਮੈਂਬਰ ਧਾਰਾ 4 ਅਧੀਨ ਬੁਲਾਏ ਜਾਣ 'ਤੇ, ਕਿਸੇ ਕਾਫ਼ੀ ਕਾਰਨ ਤੋਂ ਬਿਨਾਂ, ਅਜਿਹੇ ਹੁਕਮ ਦੀ ਪਾਲਣਾ ਕਰਨ ਜਾਂ ਪੰਜਾਬ

ਹੋਮਗਾਰਡ ਦੇ ਮੈਂਬਰ ਵਜੋਂ ਆਪਣੇ ਕਾਜਕਾਰਾਂ ਨੂੰ ਨਿਭਾਉਣ ਜਾਂ ਆਪਣੇ ਕਰਤੱਵਾਂ ਦੀ ਪਾਲਣਾ ਲਈ ਦਿੱਤੇ ਗਏ ਕਿਸੇ ਕਾਨੂੰਨ-ਪੂਰਬਕ ਹੁਕਮ ਜਾਂ ਨਿਰਦੇਸ਼ ਦੀ ਪਾਲਣਾ ਕਰਨ ਵਿੱਚ ਅਣਗਹਿਲੀ ਕਰਦਾ ਹੈ ਜਾਂ ਮਨ੍ਹਾ ਕਰਦਾ ਹੈ, ਤਾਂ ਉਸ ਨੂੰ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਸਿੱਧ-ਦੋਸ਼ ਠਹਿਰਾਉਣ 'ਤੇ, ਸਾਦਾ ਕੈਦ ਦੀ ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਇੱਕ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਵਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(2) ਇਸ ਐਕਟ ਅਧੀਨ ਅਪਰਾਧ ਸਮਾਇਤਯੋਗ ਹੋਵੇਗਾ।

ਸ਼ਕਤੀਆਂ ਡੈਲੀਗੇਟ ਕਰਨਾ।

8. ਰਾਜ ਸਰਕਾਰ ਅਧਿਸੂਚਨਾ ਦੁਆਰਾ ਅਤੇ ਕਿਸੇ ਸ਼ਰਤਾਂ ਦੇ ਤਾਬੇ, ਜੋ ਉਲਿਖਤ ਕੀਤੀਆਂ ਜਾਣ, ਧਾਰਾਵਾਂ 2, 3 ਜਾਂ 4 ਅਧੀਨ ਆਪਣੇ ਕਾਜਕਾਰ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਬੌਡੀ ਨੂੰ ਡੈਲੀਗੇਟ ਕਰ ਸਕੇਗੀ।

ਨਿਯਮ।

9. ਰਾਜ ਸਰਕਾਰ ਇਸ ਐਕਟ ਦੇ ਸੰਗਤ-

(ੳ) ਪੁਲਿਸ ਫੋਰਸ ਦੇ ਅਧਿਕਾਰੀਆਂ ਦੁਆਰਾ ਪੰਜਾਬ ਹੋਮਗਾਰਡ ਦੇ ਮੈਂਬਰਾਂ ਤੇ ਕੰਟਰੋਲ ਦੀ ਵਰਤੋਂ ਕਰਨ ਦਾ ਉਪਬੰਧ ਕਰਨ ਲਈ, ਜਦੋਂ ਉਹ ਮੈਂਬਰ ਪੁਲਿਸ ਫੋਰਸ ਦੀ ਸਿੱਧੀ ਸਹਾਇਤਾ ਲਈ ਕੰਮ ਕਰ ਰਹੇ ਹੋਣ;

(ਅ) ਪੰਜਾਬ ਹੋਮਗਾਰਡ ਦੇ ਮੈਂਬਰਾਂ ਦੇ ਸੰਗਠਨ, ਨਿਯੁਕਤੀ, ਸੇਵਾ ਦੀਆਂ ਸ਼ਰਤਾਂ, ਕਰਤੱਵਾਂ, ਅਨੁਸ਼ਾਸਨ, ਸ਼ਸਤਰ, ਸਾਜ਼-ਸੱਜਾ ਅਤੇ ਪੋਸ਼ਾਕ ਨੂੰ ਵਿਨਿਯਮਤ ਕਰਨ ਲਈ ਅਤੇ ਉਹ ਤਰੀਕਾ ਜਿਸ ਰਾਹੀਂ ਉਨ੍ਹਾਂ ਨੂੰ ਸੇਵਾ ਲਈ ਬੁਲਾਇਆ ਜਾ ਸਕਦਾ ਹੈ;

(ੲ) ਪੰਜਾਬ ਹੋਮਗਾਰਡ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਅਹੁਦੇ ਅਨੁਸਾਰ, ਮੈਜਿਸਟ੍ਰੇਟ ਜਾਂ ਨਿਆਂਇਕ ਸ਼ਕਤੀਆਂ ਤੋਂ ਬਿਨਾਂ ਕੋਈ ਹੋਰ ਸ਼ਕਤੀਆਂ ਪ੍ਰਦਾਨ ਕਰਨ ਲਈ ਜੋ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਕਿਸੇ ਵਿਅਕਤੀ ਦੁਆਰਾ ਵਰਤੋਂ ਯੋਗ ਹੋਣ; ਅਤੇ

(ਸ) ਆਮ ਤੌਰ 'ਤੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ,

ਨਿਯਮ ਬਣਾ ਸਕੇਗੀ।

1947 ਦੇ ਆਰਡੀਨੈਂਸ ਨੰ: 10 ਦਾ ਨਿਰਸਨ।

10. ਪੂਰਬੀ ਪੰਜਾਬ ਕੌਮੀ ਵਲੰਟੀਅਰ ਕੋਰ ਆਰਡੀਨੈਂਸ, 1947 ਇਸ ਦੁਅਰਾ ਨਿਰਸਤ ਕੀਤਾ ਜਾਂਦਾ ਹੈ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3832/9-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 17 ਸਤੰਬਰ, 2026

**ਨੰ. 67/ਭ:ਕ/2026.-** ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ ਪ੍ਰਾਪਤ ਸਕੂਲ) ਐਕਟ, 1959 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 17th September, 2026

**No. 67/L.C./2026.-** The Translation in Punjabi of the Punjab Local Authorities (Aided Schools) Act, 1959 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

**ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ ਪ੍ਰਾਪਤ ਸਕੂਲ) ਐਕਟ, 1959**

(1959 ਦਾ ਪੰਜਾਬ ਐਕਟ ਨੰ. 22)

ਪੰਜਾਬ ਰਾਜ ਤੋਂ ਸਹਾਇਤਾ ਗ੍ਰਾਂਟ ਪ੍ਰਾਪਤ ਕਰਨ ਵਾਲੇ ਸਥਾਨਕ ਅਥਾਰਟੀਆਂ ਦੇ ਸਕੂਲਾਂ ਦੇ ਪ੍ਰਬੰਧਨ ਅਤੇ ਕੰਟਰੋਲ ਕਰਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਦਸਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

1. (1) ਇਸ ਐਕਟ ਨੂੰ ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ ਪ੍ਰਾਪਤ ਸਕੂਲ) ਐਕਟ, 1959 ਕਿਹਾ ਜਾ ਸਕੇਗਾ।

(2) ਇਸਦਾ ਵਿਸਤਾਰ ਪੂਰੇ ਪੰਜਾਬ ਰਾਜ ਤੇ ਹੈ।

(3) ਇਹ ਅਕਤੂਬਰ 1957 ਦੇ ਪਹਿਲੇ ਦਿਨ, ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,–

(ੳ) "ਸਹਾਇਤਾ ਪ੍ਰਾਪਤ ਸਕੂਲ" ਦਾ ਮਤਲਬ ਹੈ ਨਗਰਪਾਲਕ ਕਮੇਟੀ ਜਾਂ ਜਿਲ੍ਹਾ ਬੋਰਡ ਦੇ ਪ੍ਰਬੰਧ ਅਧੀਨ ਰਾਜ ਸਰਕਾਰ ਤੋਂ ਸਹਾਇਤਾ ਪ੍ਰਾਪਤ ਰਿਹਾ ਸਕੂਲ;

(ਅ) "ਸਥਾਨਕ ਅਥਾਰਟੀ" ਦਾ ਮਤਲਬ ਹੈ ਪੰਜਾਬ ਨਗਰਪਾਲਕਾ ਐਕਟ, 1911 ਦੇ ਅਧੀਨ ਨਗਰਪਾਲਕਾ ਕਮੇਟੀ ਜਾਂ ਪੰਜਾਬ ਜਿਲ੍ਹਾ ਬੋਰਡ ਐਕਟ, 1883 ਦੇ ਅਧੀਨ ਇੱਕ ਜਿਲ੍ਹਾ ਬੋਰਡ;

(ਇ) * * * * *

(ਸ) "ਸਕੂਲ" ਵਿੱਚ ਸਕੂਲ ਦੀ ਭੋਂ, ਇਮਾਰਤਾਂ, ਖੇਡ ਦੇ ਮੈਦਾਨ ਅਤੇ ਹੋਸਟਲ ਅਤੇ ਸਕੂਲ ਨਾਲ ਸੰਬੰਧਤ ਚੁੱਕਵੀਂਆਂ ਸੰਪੱਤੀਆਂ ਜਿਵੇਂ ਫਰਨੀਚਰ, ਕਿਤਾਬਾਂ, ਉਪਕਰਣ, ਨਕਸ਼ੇ ਅਤੇ ਸਾਜੋ ਸਾਮਾਨ ਸ਼ਾਮਲ ਹਨ।

ਸਹਾਇਤਾ ਪ੍ਰਾਪਤ ਸਕੂਲਾਂ ਦੇ ਪ੍ਰਬੰਧ ਅਤੇ ਕੰਟਰੋਲ ਨੂੰ ਰਾਜ ਸਰਕਾਰ ਨੂੰ ਮੁੰਤਕਿਲ ਕਰਨ ਲਈ ਸਥਾਨਕ ਅਥਾਰਟੀਆਂ ਦੀਆਂ ਸ਼ਕਤੀਆਂ।

3. (1) ਸਥਾਨਕ ਅਥਾਰਟੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਪ੍ਰਬੰਧ ਅਤੇ ਕੰਟਰੋਲ ਨੂੰ ਰਾਜ ਸਰਕਾਰ ਨੂੰ ਮੁੰਤਕਿਲ ਕਰਨ ਲਈ ਇੱਕ ਮਤਾ ਪਾਸ ਕਰ ਸਕੇਗੀ ਅਤੇ ਉਸ ਨੂੰ ਰਾਜ ਸਰਕਾਰ ਨੂੰ ਸੰਸੂਚਿਤ ਕਰ ਸਕੇਗੀ।

(2) ਅਜਿਹਾ ਮਤਾ ਪ੍ਰਾਪਤ ਹੋਣ ਤੇ, ਰਾਜ ਸਰਕਾਰ ਇਹ ਨਿਰਦੇਸ਼ ਦੇ ਸਕਦੀ ਹੈ ਕਿ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਉਸਦੇ ਪ੍ਰਬੰਧ ਅਤੇ ਕੰਟਰੋਲ ਅਧੀਨ ਸੰਭਾਲਿਆ ਜਾਵੇਗਾ, ਅਤੇ ਇਸਤੋਂ ਪਿੱਛੋਂ ਸਾਂਭ-ਸੰਭਾਲ, ਪ੍ਰਬੰਧ ਅਤੇ ਕੰਟਰੋਲ ਦੇ ਅਧਿਕਾਰ ਸਮੇਤ ਸਾਰੇ ਅਧਿਕਾਰ ਅਤੇ ਹਿੱਤ ਰਾਜ ਸਰਕਾਰ ਨੂੰ ਮੁੰਤਕਿਲ ਹੋ ਜਾਣਗੇ ਅਤੇ ਰਾਜ ਸਰਕਾਰ ਵਿੱਚ ਨਿਹਿਤ ਹੋ ਜਾਣਗੇ ਅਤੇ ਅਜਿਹੇ ਸਕੂਲਾਂ ਦੇ ਬਾਰੇ ਵਿੱਚ ਸਥਾਨਕ ਅਥਾਰਟੀ ਦੇ ਅਧਿਕਾਰ ਅਤੇ ਹਿੱਤ ਸਮਾਪਤ ਹੋ ਜਾਣਗੇ।

ਸਹਾਇਤਾ ਗ੍ਰਾਂਟ ਵਾਪਸ ਲੈਣ ਦੀ ਸ਼ਕਤੀ।

4. ਰਾਜ ਸਰਕਾਰ ਸਹਾਇਤਾ ਪ੍ਰਾਪਤ ਸਕੂਲਾਂ ਦੇ ਬਾਰੇ ਵਿੱਚ ਕਿਸੇ ਸਥਾਨਕ ਅਥਾਰਟੀ ਤੋਂ ਸਹਾਇਤਾ ਗ੍ਰਾਂਟ ਵਾਪਸ ਲੈ ਸਕੇਗੀ, ਜੇ ਧਾਰਾ 3 ਵਿੱਚ ਜ਼ਿਕਰ ਕੀਤਾ ਮਤਾ, ਇਸ ਐਕਟ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੀ ਮੁੱਦਤ ਅੰਦਰ ਪਾਸ ਨਾ ਕੀਤਾ ਗਿਆ ਹੋਵੇ ਅਤੇ ਰਾਜ ਸਰਕਾਰ ਨੂੰ ਸੰਸੂਚਿਤ ਨਾ ਕੀਤਾ ਗਿਆ ਹੋਵੇ।

ਸਹਾਇਤਾ ਪ੍ਰਾਪਤ ਸਕੂਲਾਂ ਨੂੰ ਹੱਥ ਵਿੱਚ ਲੈਣ ਦੀਆਂ ਸ਼ਕਤੀਆਂ ਜਿੱਥੇ ਸਥਾਨਕ ਅਥਾਰਟੀ ਕਰਤੱਵ ਨਿਭਾਉਣ ਵਿੱਚ ਅਣਗਹਿਲੀ ਕਰੇ।

5. (1) ਜਦੋਂ ਵੀ ਰਾਜ ਸਰਕਾਰ ਸੰਤੁਸ਼ਟ ਹੈ ਕਿ ਸਥਾਨਕ ਅਥਾਰਟੀ ਨੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਬਾਰੇ ਵਿੱਚ ਆਪਣੇ ਕਰਤੱਵ ਨਿਭਾਉਣ ਵਿੱਚ ਅਣਗਹਿਲੀ ਕੀਤੀ ਹੈ ਜਾਂ ਲੋਕ ਹਿੱਤ ਵਿੱਚ ਉਨ੍ਹਾਂ ਦਾ ਪ੍ਰਬੰਧਨ ਦਸ ਸਾਲਾਂ ਤੋਂ ਨਾ ਵੱਧ ਦੀ ਮੁੱਦਤ ਲਈ ਆਪਣੇ ਹੱਥ ਵਿੱਚ ਲੈਣਾ ਜ਼ਰੂਰੀ ਹੈ, ਤਾਂ ਉਹ ਸਥਾਨਕ ਅਥਾਰਟੀ ਨੂੰ ਤਜਵੀਜ਼ਤ ਕਾਰਵਾਈ ਦੇ ਵਿਰੁੱਧ ਕਾਰਨ

ਦੱਸਣ ਦਾ ਵਾਜ਼ਬ ਮੌਕਾ ਦੇਣ ਪਿੱਛੋਂ ਪ੍ਰਬੰਧਨ ਆਪਣੇ ਹੱਥ ਵਿੱਚ ਲੈਣ ਦਾ ਹੁਕਮ ਜਾਰੀ ਕਰ ਸਕੇਗੀ:

ਪਰੰਤੂ ਸੰਕਟ ਦੇ ਮਾਮਲਿਆਂ ਵਿੱਚ, ਜਿੱਥੇ ਰਾਜ ਸਰਕਾਰ ਸੰਤੁਸ਼ਟ ਹੈ ਕਿ ਵਿਦਿਆਰਥੀਆਂ ਦੇ ਹਿੱਤਾਂ ਵਿੱਚ ਅਜਿਹਾ ਅਨੁਕ੍ਰਮ ਜ਼ਰੂਰੀ ਹੈ, ਤਾਂ ਉਹ, ਅਜਿਹਾ ਨੋਟਿਸ ਦਿੱਤੇ ਬਿਨਾਂ, ਸਰਕਾਰੀ ਗਜ਼ਟ ਵਿੱਚ ਇਸ ਪ੍ਰਭਾਵੀ ਦੀ ਅਧਿਸੂਚਨਾ ਦੇ ਪ੍ਰਕਾਸ਼ਨ ਤੋਂ ਪਿੱਛੋਂ ਅਜਿਹੇ ਸਕੂਲਾਂ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਸਕੇਗੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ ਰਾਜ ਸਰਕਾਰ ਸੰਤੁਸ਼ਟ ਹੈ ਕਿ ਲੋਕ ਹਿੱਤ ਵਿੱਚ ਇਹ ਜ਼ਰੂਰੀ ਹੈ ਕਿ ਉਪਰੋਕਤ ਉਪ-ਧਾਰਾ ਅਧੀਨ ਜਾਰੀ ਕੀਤਾ ਗਿਆ ਹੁਕਮ (ਇਸ ਵਿੱਚ ਇਸ ਪਿੱਛੋਂ ਅਰੰਭਕ ਹੁਕਮ ਵਜੋਂ ਹਵਾਲਾ ਦਿੱਤਾ ਗਿਆ ਹੈ) ਦਸ ਸਾਲਾਂ ਦੀ ਮੁੱਦਤ ਦੇ ਗੁਜਰਨ ਤੋਂ ਪਿੱਛੋਂ ਇੱਕ ਸਾਲ ਤੋਂ ਨਾ ਵੱਧ ਦੀ ਹੋਰ ਮੁੱਦਤ ਲਈ ਨਾਫ਼ਜ਼ ਰਹਿਣ ਚਾਹੀਦਾ ਹੈ, ਤਾਂ ਉਹ ਸਥਾਨਕ ਅਥਾਰਟੀ ਨੂੰ ਤਜਵੀਜ਼ਤ ਕਾਰਵਾਈ ਵਿਰੁੱਧ ਕਾਰਨ ਦੱਸਣ ਦਾ ਮੌਕਾ ਦੇਣ ਪਿੱਛੋਂ, ਉਸ ਪ੍ਰਭਾਵ ਦਾ ਹੁਕਮ ਦੇ ਸਕੇਗੀ।

(3) ਉਪ-ਧਾਰਾ (2) ਅਧੀਨ ਇੱਕ ਹੁਕਮ ਅਰੰਭਕ ਹੁਕਮ ਦੇ ਗੁਜ਼ਰਨ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਅੰਦਰ ਕੀਤਾ ਜਾ ਸਕੇਗਾ ਅਤੇ ਜਿੱਥੇ ਆਰੰਭਕ ਹੁਕਮ ਨੂੰ ਨਾਫ਼ਜ਼ ਰੱਖਣ ਲਈ ਉਸ ਉਪ-ਧਾਰਾ ਦੇ ਅਧੀਨ ਇੱਕ ਹੁਕਮ ਪਾਸ ਕੀਤਾ ਜਾਂਦਾ ਹੈ, ਤਾਂ ਇਸ ਤਰ੍ਹਾਂ ਪਾਸ ਕੀਤਾ ਗਿਆ ਹੁਕਮ ਅਰੰਭਕ ਹੁਕਮ ਦੇ ਗੁਜ਼ਰਨ ਦੀ ਤਰੀਕ ਤੋਂ ਪ੍ਰਭਾਵੀ ਹੋਵੇਗਾ ਅਤੇ ਅਰੰਭਕ ਹੁਕਮ ਦੇ ਗੁਜ਼ਰਨ ਦੀ ਤਰੀਕ ਅਤੇ ਉਪ-ਧਾਰਾ (2) ਅਧੀਨ ਇੱਕ ਹੁਕਮ ਪਾਸ ਕਰਨ ਦੀ ਤਰੀਕ ਦੇ ਵਿਚਕਾਰ ਦੀ ਮੁੱਦਤ ਦੌਰਾਨ ਨਾਫ਼ਜ਼ ਸਮਝਿਆ ਜਾਵੇਗਾ ਅਤੇ ਇਸਤੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੇ ਅੱਗੇ ਕੇਵਲ ਇਸ ਆਧਾਰ ਤੇ ਉਜ਼ਰ ਨਹੀਂ ਕੀਤਾ ਜਾਵੇਗਾ ਕਿ ਇਹ ਅਰੰਭਕ ਹੁਕਮ ਦੇ ਗੁਜ਼ਰਨ ਤੋਂ ਪਿੱਛੋਂ ਪਾਸ ਕੀਤਾ ਗਿਆ ਸੀ।

(4) ਉਪ-ਧਾਰਾ (2) ਅਧੀਨ ਨਾਫ਼ਜ਼ ਰਹਿਣ ਵਾਲੇ ਆਰੰਭਕ ਹੁਕਮ ਨੂੰ, ਰਾਜ ਸਰਕਾਰ ਦੁਆਰਾ ਕੀਤੇ ਗਏ ਹੁਕਮ ਰਾਹੀਂ, ਉਸ ਉਪ-ਧਾਰਾ ਵਿੱਚ ਉਪਬੰਧਤ ਹਾਲਾਤਾਂ ਅਧੀਨ ਅਤੇ ਤਰੀਕੇ ਅਨੁਸਾਰ ਰਾਜ ਸਰਕਾਰ ਦੁਆਰਾ ਇੱਕ ਸਾਲ ਦੀ ਹੋਰ ਮੁੱਦਤ ਲਈ ਜਾਰੀ ਰੱਖਿਆ ਜਾ ਸਕੇਗਾ।

(5) ਉਪ-ਧਾਰਾ (4) ਅਧੀਨ ਇੱਕ ਹੁਕਮ, ਉਪ-ਧਾਰਾ (2) ਅਧੀਨ ਕੀਤੇ ਗਏ ਹੁਕਮ (ਇਸ ਵਿੱਚ ਇਸ ਪਿੱਛੋਂ "ਦੂਜੇ ਹੁਕਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਗੁਜ਼ਰਨ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਅੰਦਰ ਕੀਤਾ ਜਾ ਸਕੇਗਾ ਅਤੇ ਜਿੱਥੇ ਅਰੰਭਕ ਹੁਕਮ ਨੂੰ ਅੱਗੇ ਨਾਫ਼ਜ਼ ਰੱਖਣ ਲਈ ਉਪ-ਧਾਰਾ (4) ਅਧੀਨ ਕੋਈ ਹੁਕਮ ਕੀਤਾ ਜਾਂਦਾ ਹੈ, ਤਾਂ ਇਸ ਤਰ੍ਹਾਂ ਕੀਤਾ ਗਿਆ ਹੁਕਮ ਦੂਜੇ ਹੁਕਮ ਦੇ ਗੁਜ਼ਰਨ ਦੀ ਤਰੀਕ ਤੋਂ ਪ੍ਰਭਾਵੀ ਹੋਵੇਗਾ ਅਤੇ ਦੂਜੇ ਹੁਕਮ ਦੇ ਗੁਜ਼ਰਨ ਦੀ ਤਰੀਕ ਅਤੇ ਉਪ-ਧਾਰਾ (4) ਅਧੀਨ ਹੁਕਮ ਕੀਤੇ ਜਾਣ ਦੀ ਤਰੀਕ ਦੇ ਵਿਚਕਾਰ ਦੀ ਮੁੱਦਤ ਦੌਰਾਨ ਨਾਫ਼ਜ਼ ਸਮਝਿਆ ਜਾਵੇਗਾ ਅਤੇ ਇਸਤੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੇ ਅੱਗੇ ਕੇਵਲ ਇਸ ਆਧਾਰ ਤੇ ਉਜ਼ਰ ਨਹੀਂ ਕੀਤਾ ਜਾਵੇਗਾ ਕਿ ਇਹ ਦੂਜੇ ਹੁਕਮ ਦੇ ਗੁਜ਼ਰਨ ਪਿੱਛੋਂ ਕੀਤਾ ਗਿਆ ਸੀ।

1911 ਦੇ ਪੰਜਾਬ ਐਕਟ ਨੰਬਰ III ਅਤੇ 1883 ਦੇ ਐਕਟ ਨੰਬਰ XX ਦੀ ਸੋਧ ।

6. ਜਿੱਥੇ ਇੱਕ ਸਥਾਨਕ ਅਥਾਰਟੀ ਨੇ ਧਾਰਾ 3 ਦੇ ਅਧੀਨ ਮਤਾ ਪਾਸ ਕੀਤਾ ਹੋਵੇ ਜਾਂ ਰਾਜ ਸਰਕਾਰ ਨੇ ਧਾਰਾ 5 ਦੇ ਅਧੀਨ ਸਥਾਨਕ ਅਥਾਰਟੀ ਦੇ ਸਹਾਇਤਾ ਪ੍ਰਾਪਤ ਸਕੂਲਾਂ ਦਾ ਪ੍ਰਬੰਧ ਆਪਣੇ ਹੱਥ ਵਿੱਚ ਲਿਆ ਹੋਵੇ, ਉੱਥੇ ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਜਿਲ੍ਹਾ ਬੋਰਡ ਐਕਟ, 1883 ਨੂੰ ਇਸ ਐਕਟ ਨਾਲ ਲੱਗੀ ਅਨੁਸੂਚੀ ਵਿੱਚ ਉਲਿਖਤ ਢੰਗ ਅਨੁਸਾਰ 1 ਅਕਤੂਬਰ, 1957 ਤੋਂ ਸੋਧਿਆ ਗਿਆ ਸਮਝਿਆ ਜਾਵੇਗਾ।

ਕੁਝ ਕੁ ਮਾਮਲਿਆਂ ਵਿੱਚ ਸਥਾਨਕ ਅਥਾਰਟੀਆਂ ਦੀ ਦੇਣਦਾਰੀ ਪ੍ਰਭਾਵਿਤ ਨਾ ਹੋਣਾ।

7. ਇਸ ਐਕਟ ਵਿੱਚ ਦਰਜ ਕੋਈ ਵੀ ਗੱਲ, ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਸਹਾਇਤਾ ਪ੍ਰਾਪਤ ਸਕੂਲਾਂ ਦੇ ਰੱਖ-ਰਖਾਅ, ਪ੍ਰਬੰਧਨ ਜਾਂ ਕੰਟਰੋਲ ਲਈ ਅਤੇ ਦੇ ਤੱਲਕ ਵਿੱਚ ਸਥਾਨਕ ਅਥਾਰਟੀਆਂ ਦੁਆਰਾ ਇਨ੍ਹਾਂ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਜਾਂ ਇਨ੍ਹਾਂ ਦੇ ਤੱਲਕ ਵਿੱਚ ਨਿਯੋਜਤ ਕੀਤੇ ਗਏ ਵਿਅਕਤੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੇ ਬਾਰੇ ਵਿੱਚ ਦੇਣਦਾਰੀ ਸਮੇਤ ਕਿਸੇ ਵੀ ਦੇਣਦਾਰੀ ਨੂੰ ਪ੍ਰਭਾਵਤ ਨਹੀਂ ਕਰੇਗੀ।

**ਅਨੁਸੂਚੀ**

(ਧਾਰਾ 6 ਦੇਖੋ)

ੳ- ਪੰਜਾਬ ਨਗਰਪਾਲਕਾ ਐਕਟ, 1911

(1911 ਦਾ ਪੰਜਾਬ ਐਕਟ III)

1. ਧਾਰਾ 52 ਦੀ ਉਪ-ਧਾਰਾ (1) ਦੇ ਖੰਡ (ਕ) ਤੋਂ ਪਿੱਛੋਂ, ਹੇਠ-ਲਿਖਿਆ ਖੰਡ ਜੋੜਿਆ ਜਾਵੇਗਾ, ਅਰਥਾਤ:–

(ਖ) ਸੱਤਵੇਂ, ਕਮੇਟੀ ਦੁਆਰਾ ਰਾਜ ਸਰਕਾਰ ਨੂੰ ਸਾਲਾਨਾ ਅੰਸ਼ਦਾਨ ਦੇ ਰੂਪ ਵਿੱਚ ਅਦਾ ਕੀਤੀ ਜਾਣ ਵਾਲੀ ਅਜਿਹੀ ਰਕਮ ਜੋ ਇਸ ਦੇ ਬਰਾਬਰ ਹੋਵੇ—

(i) ਸਾਲ 1957-58 ਲਈ ਬਜਟ ਵਿੱਚ ਮੁੱਖ ਮੱਦ 'ਸਿੱਖਿਆ' ਅਧੀਨ ਕੀਤੇ ਗਏ ਕੁੱਲ ਉਪਬੰਧ, ਜਿਸ ਵਿੱਚੋਂ ਲੋਕ ਲਾਇਬ੍ਰੇਰੀਆਂ, ਕਾਲਜਾਂ, ਪੜ੍ਹਨ ਕਮਰਿਆਂ ਅਤੇ ਅਜਾਇਬ-ਘਰਾਂ ਨਾਲ ਸੰਬੰਧਤ ਉਪ-ਮੱਦਾਂ ਅਧੀਨ ਉਪਬੰਧ ਜਾਂ ਸਕੂਲਾਂ ਨਾਲ ਸਬੰਧਤ ਨਾ ਹੋਣ ਵਾਲੇ ਅਜਿਹੇ ਹੋਰ ਮਾਮਲਿਆਂ ਸਬੰਧੀ, ਜਿਵੇਂ ਰਾਜ ਸਰਕਾਰ ਉਲਿਖਤ ਕਰੇ, ਵਿੱਦਿਅਕ ਗ੍ਰਾਂਟਾਂ ਅਤੇ ਸਕੂਲਾਂ ਨਾਲ ਸੰਬੰਧਤ 'ਮੂਲ ਕਾਰਜਾਂ' ਲਈ ਰੱਖੇ ਗਏ ਉਪਬੰਧਾਂ ਨੂੰ ਛੱਡ ਕੇ; ਅਤੇ

(ii) ਖੰਡ (i) ਅਧੀਨ ਕੀਤੇ ਗਏ 'ਮੂਲ ਕਾਰਜਾਂ' ਲਈ ਕੀਤੀਆਂ ਗਈਆਂ ਕਟੌਤੀਆਂ ਦੇ ਬਦਲੇ, ਸਾਲ 1957-58 ਲਈ ਉਸਦੇ ਖੁਦ ਦੇ ਵਸੀਲਿਆਂ ਤੋਂ ਹੋਈ ਕੁਲ ਆਮਦਨ ਦੇ ਇੱਕ ਸੈਂਕੜੇ ਨੂੰ ਦਰਸਾਉਂਦੀ ਰਕਮ:

ਪਰੰਤੂ ਵਿੱਤੀ ਸਾਲ 1957-58 ਦੇ ਬਾਰੇ ਵਿੱਚ, ਕਮੇਟੀ ਰਾਜ ਸਰਕਾਰ ਨੂੰ ਉਹ ਰਕਮਾਂ ਦੀ ਅਦਾਇਗੀ ਕਰੇਗੀ ਜੋ 1957-58 ਦੇ ਬਜਟ ਵਿੱਚ 'ਸਿੱਖਿਆ' ਦੇ ਮੱਦ ਅਧੀਨ ਰੱਖੇ ਗਏ ਉਪਬੰਧਾਂ ਵਿੱਚੋਂ 31 ਮਾਰਚ, 1958 ਤੱਕ ਖ਼ਰਚ ਕੀਤੇ ਬਿਨਾਂ ਬਚ ਗਈਆਂ ਸਨ:

ਪਰੰਤੂ ਇਹ ਹੋਰ ਕਿ ਉਪ-ਖੰਡ (i) ਦੇ ਅਧੀਨ ਕੁਲ ਉਪਬੰਧ ਦਾ ਹਿਸਾਬ ਲਾਉਣ ਸਮੇਂ, ਕਮੇਟੀ ਦੁਆਰਾ ਵਿਦਿਆਰਥੀਆਂ ਤੋਂ ਪ੍ਰਾਪਤ ਕੀਤੀ ਗਈ ਸਕੂਲ ਫ਼ੀਸ ਜਾਂ ਹੋਰ ਧਨ, ਰਾਜ ਸਰਕਾਰ ਨੂੰ ਇੰਤਕਾਲ ਕੀਤੀ ਗਈ ਕਿਸੇ ਸੰਪੱਤੀ ਤੋਂ ਹੋਣ ਵਾਲੀ ਆਮਦਨ, ਲੋਕਾਂ ਦੁਆਰਾ ਸਿੱਖਿਆ ਲਈ ਦਿੱਤਾ ਗਿਆ ਦਾਨ-ਪੁੰਨ ਅਤੇ ਕਮੇਟੀ ਦੀ ਅਜਿਹੀ ਹੋਰ ਆਮਦਨ ਜੋ ਰਾਜ ਸਰਕਾਰ ਦੁਆਰਾ ਉਲਿਖਤ ਕੀਤੀ ਜਾਵੇ, ਨੂੰ ਬਾਹਰ ਰੱਖਿਆ ਜਾਵੇਗਾ।

2. ਧਾਰਾ 59 ਵਿੱਚ, ਹੇਠ-ਲਿਖੀ ਪਰੰਤੁਕ ਜੋੜੀ ਜਾਵੇਗੀ, ਅਰਥਾਤ:–

ਪਰੰਤੂ ਜਿੱਥੇ ਕਮੇਟੀ ਨੇ ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ-ਪ੍ਰਾਪਤ ਸਕੂਲ) ਐਕਟ, 1959 ਦੀ ਧਾਰਾ 3 ਦੇ ਅਧੀਨ ਕੋਈ ਮਤਾ ਪਾਸ ਕੀਤਾ ਹੋਵੇ, ਜਾਂ ਰਾਜ ਸਰਕਾਰ ਨੇ ਉਸ ਐਕਟ ਦੀ ਧਾਰਾ 5 ਦੇ ਅਧੀਨ ਕਮੇਟੀ ਦੇ ਸਹਾਇਤਾ ਪ੍ਰਾਪਤ ਸਕੂਲਾਂ ਦਾ ਪ੍ਰਬੰਧਨ ਆਪਣੇ ਹੱਥਾਂ ਵਿੱਚ ਲੈ ਲਿਆ ਹੋਵੇ, ਤਾਂ 1 ਅਕਤੂਬਰ, 1957 ਤੋਂ ਤੁਰੰਤ ਪਹਿਲਾਂ ਉਕਤ ਸਕੂਲਾਂ ਦੀ ਸਥਾਪਨਾ, ਸਾਂਭ ਸੰਭਾਲ ਅਤੇ ਪ੍ਰਬੰਧਨ ਵਿੱਚ ਸਾਰੇ ਅਧਿਕਾਰ ਅਤੇ ਹਿੱਤ, ਜਿਸ ਵਿੱਚ ਉਕਤ ਸਕੂਲਾਂ ਦੀਆਂ ਭੋਂਆਂ, ਇਮਾਰਤਾਂ, ਖੇਡ ਦੇ ਮੈਦਾਨ, ਹੋਸਟਲਾਂ ਦੇ ਨਾਲ ਫਰਨੀਚਰ, ਕਿਤਾਬਾਂ, ਉਪਕਰਣ, ਨਕਸ਼ੇ ਅਤੇ ਉਨ੍ਹਾਂ ਨਾਲ ਸੰਬੰਧਤ ਸਾਜ਼ੋ ਸਮਾਨ ਜਿਹੀਆਂ ਚੁੱਕਵੀਆਂ ਸੰਪੱਤੀਆਂ ਵਿੱਚ ਸਾਰੇ ਹਿੱਤ ਵੀ ਸ਼ਾਮਲ ਹਨ, ਉਸ ਤਰੀਕ ਤੋਂ ਰਾਜ ਸਰਕਾਰ ਨੂੰ ਤਬਦੀਲ ਕਰ ਦਿੱਤੇ ਸਮਝੇ ਜਾਣਗੇ ਅਤੇ ਗ੍ਰਾਂਟਾਂ ਦੇ ਬਾਰੇ ਵਿੱਚ ਖ਼ਰਚ ਨਾ ਕੀਤੇ ਗਏ ਸਾਰੇ ਬਕਾਏ ਅਤੇ ਇਨ੍ਹਾਂ ਸਕੂਲਾਂ ਦੀ ਸਾਂਭ-ਸੰਭਾਲ ਅਤੇ ਤਰੱਕੀ ਲਈ ਪ੍ਰਾਪਤ ਅੰਸ਼ਦਾਨ ਰਾਜ ਸਰਕਾਰ ਨੂੰ ਅਰਪਣ ਕੀਤੇ ਗਏ ਸਮਝੇ ਜਾਣਗੇ।

ਅ- ਪੰਜਾਬ ਜਿਲ੍ਹਾ ਬੋਰਡ ਐਕਟ, 1883

(1883 ਦਾ ਐਕਟ XX)

1. ਧਾਰਾ 37 ਦੀ ਉਪ-ਧਾਰਾ (1) ਦੀ ਥਾਂਵੇਂ, ਹੇਠ-ਲਿਖਿਆ ਰੱਖਿਆ ਜਾਵੇਗਾ, ਅਰਥਾਤ:–

"(1) ਜਿਲ੍ਹਾ ਬੋਰਡ, ਜਿਲ੍ਹਾ ਬੋਰਡ ਦੇ ਫ਼ੰਡਾਂ ਵਿੱਚੋਂ ਹੇਠ-ਲਿਖੀਆਂ ਰਕਮਾਂ ਵੱਖ ਰੱਖੇਗਾ ਅਤੇ ਵਰਤੋਂ ਕਰੇਗਾ –

(ੳ) ਪਹਿਲਾਂ, ਅਜਿਹੀਆਂ ਰਕਮਾਂ ਜੋ ਜਿਲ੍ਹਾ ਬੋਰਡ ਦੇ ਕੰਟਰੋਲ ਅਤੇ ਪ੍ਰਸ਼ਾਸਨ ਦੀ ਲਾਗਤ ਦੀ ਅਦਾਇਗੀ ਲਈ ਲੋੜੀਂਦੀਆਂ ਹੋਣ;

(ਅ) ਦੂਜਾ, ਅਜਿਹੀਆਂ ਰਕਮਾਂ ਜੋ ਜਿਲ੍ਹਾ ਬੋਰਡ ਦੀ ਅਥਾਰਟੀ ਅਧੀਨ ਆਉਂਦੇ ਖੇਤਰ ਤੋਂ ਸਰਕਾਰੀ ਆਸ਼ਰਮਾਂ ਵਿੱਚ ਭੇਜੇ ਗਏ ਮੁਫ਼ਲਿਸ ਪਾਗਲਾਂ ਦੇ ਖ਼ਰਚਿਆਂ ਦੀ ਅਦਾਇਗੀ ਲਈ ਲੋੜੀਂਦੀਆਂ ਹੋਣ;

(ੲ) ਤੀਜਾ, ਜਿਲ੍ਹਾ ਬੋਰਡ ਅਤੇ ਸਥਾਨਕ ਬੋਰਡਾਂ ਦੇ ਲੇਖਿਆਂ ਦੇ ਆਡਿਟ ਵਿੱਚ ਹੋਏ ਖ਼ਰਚੇ ਅਤੇ ਸਫ਼ਾਈ, ਟੀਕਾਕਰਨ, ਡਾਕਟਰੀ ਰਾਹਤ ਅਤੇ ਲੋਕ ਨਿਰਮਾਣ ਲਈ ਰਾਜ ਦੇ ਵਿਭਾਗਾਂ ਦੀ ਲਾਗਤ ਦਾ ਅਜਿਹਾ ਹਿੱਸਾ, ਜੋ ਰਾਜ ਸਰਕਾਰ ਦੁਆਰਾ ਉਨ੍ਹਾਂ ਵਿਭਾਗਾਂ ਦੁਆਰਾ ਬੋਰਡ ਨੂੰ ਦਿੱਤੀਆਂ ਗਈਆਂ ਸੇਵਾਵਾਂ ਦੇ ਬਦਲੇ ਵਿੱਚ ਜਿਲ੍ਹਾ ਬੋਰਡ ਨੂੰ ਸਮਤਾ-ਪੂਰਨ ਨਾਵੇਂ ਖਾਤੇ ਪਾਉਣਯੋਗ ਰੱਖਿਆ ਜਾਵੇ;

(ਸ) ਚੌਥਾ, ਜਿਲ੍ਹਾ ਬੋਰਡ ਦੁਆਰਾ ਰਾਜ ਸਰਕਾਰ ਨੂੰ ਅੰਸ਼ਦਾਨ ਵਜੋਂ ਸਾਲਾਨਾ ਅਦਾ ਕੀਤੀ ਜਾਣ ਵਾਲੀ ਰਕਮ ਜੋ ਹੇਠ-ਲਿਖਿਆਂ ਦੇ ਬਰਾਬਰ ਹੋਵੇਗੀ –

(i) ਸਾਲ 1957-58 ਦੇ ਬਜਟ ਵਿੱਚ ਮੁੱਖ ਮੱਦ 'ਸਿੱਖਿਆ' ਅਧੀਨ ਕੀਤਾ ਗਿਆ ਕੁੱਲ ਉਪਬੰਧ, ਜਿਸ ਵਿੱਚੋਂ ਲੋਕ ਲਾਇਬ੍ਰੇਰੀਆਂ, ਕਾਲਜਾਂ, ਪੜ੍ਹਨ ਕਮਰਿਆਂ ਅਤੇ ਅਜਾਇਬ ਘਰਾਂ ਨਾਲ ਸਬੰਧਤ ਉਪ-ਮੱਦਾਂ ਅਧੀਨ ਜਾਂ ਸਕੂਲਾਂ ਨਾਲ ਸਬੰਧਤ ਨਾ ਹੋਣ ਵਾਲੇ ਅਜਿਹੇ ਹੋਰ ਮਾਮਲਿਆਂ ਸਬੰਧੀ, ਜਿਵੇਂ ਰਾਜ ਸਰਕਾਰ ਉਲਿਖਤ ਕਰੇ, 'ਵਿੱਦਿਅਕ ਗ੍ਰਾਂਟਾਂ' ਅਤੇ ਸਕੂਲਾਂ ਨਾਲ ਸਬੰਧਤ 'ਮੂਲ ਕਾਰਜਾਂ' ਲਈ ਰੱਖੇ ਗਏ ਉਪਬੰਧਾਂ ਨੂੰ ਛੱਡ ਕੇ; ਅਤੇ

(ii) ਖੰਡ (i) ਅਧੀਨ ਕੀਤੇ ਗਏ 'ਮੂਲ ਕਾਰਜਾਂ' ਲਈ ਕੀਤੀ ਗਈ ਕਟੌਤੀ ਦੇ ਬਦਲੇ ਸਾਲ 1957-58 ਲਈ ਖ਼ੁਦ ਦੇ

ਵਸੀਲਿਆਂ ਤੋਂ ਹੋਈ ਕੁਲ ਆਮਦਨ ਦੇ ਇੱਕ ਸੈਂਕੜੇ ਨੂੰ ਦਰਸਾਉਂਦੀ ਰਕਮ;

ਪਰੰਤੂ ਵਿੱਤੀ ਸਾਲ 1957-58 ਦੇ ਬਾਰੇ ਵਿੱਚ, ਜ਼ਿਲ੍ਹਾ ਬੋਰਡ ਰਾਜ ਸਰਕਾਰ ਨੂੰ ਉਹ ਰਕਮਾਂ ਦੀ ਅਦਾਇਗੀ ਕਰੇਗਾ ਜੋ 1957-58 ਦੇ ਬਜਟ ਵਿੱਚ 'ਸਿੱਖਿਆ' ਦੇ ਮੱਦ ਅਧੀਨ ਰੱਖੇ ਗਏ ਉਪਬੰਧਾਂ ਵਿੱਚੋਂ 31 ਮਾਰਚ, 1958 ਤੱਕ ਖ਼ਰਚ ਕੀਤੇ ਬਿਨਾਂ ਬਚ ਗਈਆਂ ਸਨ:

ਪਰੰਤੂ ਇਹ ਹੋਰ ਕਿ ਉਪ-ਖੰਡ (i) ਦੇ ਅਧੀਨ ਕੁੱਲ ਉਪਬੰਧ ਦਾ ਹਿਸਾਬ ਲਾਉਣ ਸਮੇਂ, ਕਮੇਟੀ ਦੁਆਰਾ ਵਿਦਿਆਰਥੀਆਂ ਤੋਂ ਪ੍ਰਾਪਤ ਕੀਤੀਆਂ ਗਈਆਂ ਸਕੂਲ ਫ਼ੀਸਾਂ ਜਾਂ ਹੋਰ ਧਨ, ਰਾਜ ਸਰਕਾਰ ਨੂੰ ਇੰਤਕਾਲ ਕੀਤੀ ਗਈ ਕਿਸੇ ਸੰਪੱਤੀ ਤੋਂ ਹੋਣ ਵਾਲੀ ਆਮਦਨ, ਲੋਕਾਂ ਦੁਆਰਾ ਸਿੱਖਿਆ ਲਈ ਦਿੱਤਾ ਗਿਆ ਦਾਨ-ਪੁੰਨ ਅਤੇ ਕਮੇਟੀ ਦੀ ਅਜਿਹੀ ਹੋਰ ਆਮਦਨ ਜੋ ਸਰਕਾਰ ਦੁਆਰਾ ਉਲਿਖਤ ਕੀਤੀ ਜਾਵੇ, ਨੂੰ ਬਾਹਰ ਰੱਖਿਆ ਜਾਵੇਗਾ।

2. ਧਾਰਾ 37 ਤੋਂ ਪਿੱਛੋਂ, ਹੇਠ-ਲਿਖੀ ਧਾਰਾ 37-ੳ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ:–

ਸਕੂਲਾਂ ਨਾਲ ਸੰਬੰਧਤ ਸੰਪੱਤੀ ਦਾ ਰਾਜ ਸਰਕਾਰ ਨੂੰ ਇੰਤਕਾਲ।

37-ੳ. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇੱਕ ਜ਼ਿਲ੍ਹਾ ਬੋਰਡ ਨੇ ਪੰਜਾਬ ਸਥਾਨਕ ਅਥਾਰਟੀਆਂ (ਸਹਾਇਤਾ ਪ੍ਰਾਪਤ ਸਕੂਲ) ਐਕਟ, 1959 ਦੀ ਧਾਰਾ 3 ਦੇ ਅਧੀਨ ਕੋਈ ਮਤਾ ਪਾਸ ਕੀਤਾ ਹੋਵੇ ਜਾਂ ਰਾਜ ਸਰਕਾਰ ਨੇ ਉਸ ਐਕਟ ਦੀ ਧਾਰਾ 5 ਦੇ ਅਧੀਨ ਜ਼ਿਲ੍ਹਾ ਬੋਰਡ ਦੇ ਸਹਾਇਤਾ-ਪ੍ਰਾਪਤ ਸਕੂਲਾਂ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ ਹੋਵੇ, ਤਾਂ ਉੱਥੇ 1 ਅਕਤੂਬਰ, 1957 ਤੋਂ ਤੁਰੰਤ ਪਹਿਲਾਂ ਉਪਰੋਕਤ ਸਕੂਲਾਂ ਦੀ ਸਥਾਪਨਾ, ਸਾਂਭ-ਸੰਭਾਲ ਅਤੇ ਪ੍ਰਬੰਧਨ ਵਿੱਚ ਸਾਰੇ ਅਧਿਕਾਰ ਅਤੇ ਹਿੱਤ ਜਿਨ੍ਹਾਂ ਵਿੱਚ ਉਕਤ ਸਕੂਲਾਂ ਦੀਆਂ ਭੋਆਂ, ਇਮਾਰਤਾਂ, ਖੇਡ ਦੇ ਮੈਦਾਨਾਂ, ਹੋਸਟਲਾਂ ਦੇ ਨਾਲ ਫਰਨੀਚਰ, ਕਿਤਾਬਾਂ, ਉਪਕਰਣ, ਨਕਸ਼ੇ ਅਤੇ ਉਨ੍ਹਾਂ ਨਾਲ ਸੰਬੰਧਿਤ ਸਾਜ਼ੋ ਸਮਾਨ ਜਿਹੀਆਂ ਚੁਕਵੀਆਂ ਸੰਪੱਤੀਆਂ

ਵਿੱਚ ਸਾਰੇ ਹਿੱਤ ਵੀ ਸ਼ਾਮਲ ਹਨ; ਉਸ ਤਰੀਕ ਤੋਂ ਰਾਜ ਸਰਕਾਰ ਨੂੰ ਤਬਦੀਲ ਕਰ ਦਿੱਤੇ ਸਮਝੇ ਜਾਣਗੇ ਅਤੇ ਗ੍ਰਾਂਟਾਂ ਦੇ ਬਾਰੇ ਵਿੱਚ ਖ਼ਰਚ ਨਾ ਕੀਤੇ ਗਏ ਸਾਰ ਬਕਾਏ ਅਤੇ ਇਨ੍ਹਾਂ ਸਕੂਲਾਂ ਦੀ ਸਾਂਭ ਸੰਭਾਲ ਅਤੇ ਤਰੱਕੀ ਲਈ ਪ੍ਰਾਪਤ ਅੰਸ਼ਦਾਨ ਰਾਜ ਸਰਕਾਰ ਨੂੰ ਅਰਪਣ ਕੀਤੇ ਗਏ ਸਮਝੇ ਜਾਣਗੇ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:– ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3832/9-2026/Pb. Govt. Press, S.A.S. Nagar*